ਮਿੱਠੇ ਬੱਚੇ:- "ਮਿੱਠੇ ਬੱਚੇ:- ਦੁੱਖਹਰਤਾ ਸੁੱਖ ਕਰਤਾ ਬਾਪ ਨੂੰ ਯਾਦ ਕਰੋ ਤਾਂ ਤੁਹਾਡੇ ਸਾਰੇ ਦੁੱਖ ਦੂਰ ਹੋ ਜਾਣਗੇ, ਅੰਤ ਮਤੀ ਸੋ ਗਤੀ ਹੋ ਜਾਵੇਗੀ"

ਪ੍ਰਸ਼ਨ:- ਬਾਪ ਨੇ ਤੁਹਾਨੂੰ ਬੱਚਿਆਂ ਨੂੰ ਚੱਲਦੇ - ਫਿਰਦੇ ਯਾਦ ਵਿੱਚ ਰਹਿਣ ਦੀ ਡਾਇਰੈਕਸ਼ਨ ਕਿਓਂ ਦਿੱਤੀ ਹੈ?

ਉੱਤਰ:- 1.ਕਿਓਂਕਿ ਯਾਦ ਨਾਲ ਹੀ ਜਨਮ - ਜਨਮਾਂਤ੍ਰ ਦੇ ਪਾਪਾਂ ਦਾ ਬੋਝਾ ਉਤਰੇਗਾ,
2. ਯਾਦ ਨਾਲ ਹੀ ਆਤਮਾ ਸਤੋਪ੍ਰਧਾਨ ਬਣੇਗੀ,
3. ਹੁਣ ਤੋਂ ਯਾਦ ਵਿੱਚ ਰਹਿਣ ਦਾ ਅਭਿਆਸ ਹੋਵੇਗਾ ਤਾਂ ਅੰਤ ਸਮੇਂ ਵਿੱਚ ਇੱਕ ਬਾਪ ਦੀ ਯਾਦ ਵਿੱਚ ਰਹਿ ਸਕੋਗੇ। ਅੰਤ ਦੇ ਲਈ ਹੀ ਗਾਇਨ ਹੈ- ਅੰਤਕਾਲ ਜੋ ਇਸਤ੍ਰੀ ਸਿਮਰੇ…
4. ਬਾਪ ਨੂੰ ਯਾਦ ਕਰਨ ਨਾਲ 21 ਜਨਮਾਂ ਦਾ ਸੁੱਖ ਸਾਹਮਣੇ ਆ ਜਾਂਦਾ ਹੈ। ਬਾਪ ਵਰਗੀ ਮਿੱਠੀ ਚੀਜ਼ ਇਸ ਦੁਨੀਆ ਵਿੱਚ ਕੋਈ ਨਹੀਂ, ਇਸ ਲਈ ਬਾਪ ਦਾ ਡਾਇਰੈਕਸ਼ਨ ਹੈ - ਬੱਚੇ, ਚਲਦੇ ਫਿਰਦੇ ਮੈਨੂੰ ਹੀ ਯਾਦ ਕਰੋ।

ਓਮ ਸ਼ਾਂਤੀ ਕਿਸਦੀ ਯਾਦ ਵਿੱਚ ਬੈਠੇ ਹੋ? ਇਹ ਹੈ ਪਿਆਰੇ ਤੋਂ ਪਿਆਰਾ ਸੰਬੰਧ ਇੱਕ ਦੇ ਨਾਲ, ਜਿਹੜਾ ਸਭ ਨੂੰ ਦੁੱਖਾਂ ਤੋਂ ਛੁਡਾਉਣ ਵਾਲਾ ਹੈ। ਬਾਪ ਬੱਚਿਆਂ ਨੂੰ ਵੇਖਦੇ ਹਨ ਤਾਂ ਸਭ ਪਾਪ ਕੱਟਦੇ ਜਾਂਦੇ ਹਨ। ਆਤਮਾ ਸਤੋਪ੍ਰਧਾਨ ਵੱਲ ਜਾ ਰਹੀ ਹੈ। ਦੁੱਖ ਤਾਂ ਅਥਾਹ ਹੈ ਨਾ। ਗਾਉਂਦੇ ਵੀ ਹਨ - ਦੁੱਖਹਰਤਾ, ਸੁੱਖਕਰਤਾ। ਹੁਣ ਬਾਪ ਤੁਹਾਨੂੰ ਸੱਚ - ਸੱਚ ਸਭ ਦੁੱਖਾਂ ਤੋਂ ਛੁਡਾਉਣ ਆਏ ਹਨ। ਸ੍ਵਰਗ ਵਿੱਚ ਦੁੱਖ ਦਾ ਨਾਮ - ਨਿਸ਼ਾਨ ਨਹੀਂ ਹੁੰਦਾ। ਇਵੇਂ ਦੇ ਬਾਪ ਨੂੰ ਯਾਦ ਕਰਨਾ ਬਹੁਤ ਜ਼ਰੂਰੀ ਹੈ। ਬਾਪ ਦਾ ਬੱਚਿਆਂ ਦੇ ਪ੍ਰਤੀ ਪਿਆਰ ਹੁੰਦਾ ਹੈ ਨਾ, ਇਹ ਤਾਂ ਤੁਸੀਂ ਜਾਣਦੇ ਹੋ ਬਾਪ ਦਾ ਕਿਹੜੇ - ਕਿਹੜੇ ਬੱਚਿਆਂ ਤੇ ਪਿਆਰ ਹੈ। ਬੱਚਿਆਂ ਨੂੰ ਸਮਝਾਇਆ ਹੈ, ਆਪਣੇ ਨੂੰ ਆਤਮਾ ਸਮਝੋ, ਦੇਹ ਨਹੀਂ ਸਮਝੋ। ਜਿਹੜੇ ਚੰਗੇ ਰਤਨ ਹਨ ਉਹ ਬਾਪ ਨੂੰ ਤੁਰਦੇ - ਫ਼ਿਰਦੇ ਯਾਦ ਕਰਦੇ ਹਨ, ਇਹ ਵੀ ਕਿਉਂ ਕਹਿੰਦੇ ਹਨ? ਕਿਉਂਕਿ ਤੁਹਾਡਾ ਜਨਮ - ਜਨਮਾਂਤ੍ਰ ਦੇ ਪਾਪਾਂ ਦਾ ਘੜਾ ਭਰਿਆਂ ਹੋਇਆ ਹੈ। ਤੇ ਇਸ ਯਾਦ ਦੀ ਯਾਤਰਾ ਨਾਲ ਹੀ ਤੁਸੀਂ ਪਾਪ ਆਤਮਾ ਤੋਂ ਪੁੰਨਯ ਆਤਮਾ ਬਣ ਜਾਵੋਗੇ। ਇਹ ਵੀ ਤੁਸੀਂ ਜਾਣਦੇ ਹੋ ਕਿ ਇਹ ਪੁਰਾਣਾ ਤਨ ਹੈ। ਦੁੱਖ ਆਤਮਾ ਨੂੰ ਹੀ ਮਿਲਦਾ ਹੈ। ਸ਼ਰੀਰ ਨੂੰ ਸੱਟ ਲੱਗਣ ਨਾਲ ਆਤਮਾ ਨੂੰ ਦੁੱਖ ਫੀਲ ਹੁੰਦਾ ਹੈ। ਆਤਮਾ ਕਹਿੰਦੀ ਹੈ ਮੈਂ ਰੋਗੀ, ਦੁੱਖੀ ਹਾਂ। ਇਹ ਹੈ ਦੁੱਖ ਦੀ ਦੁਨੀਆਂ। ਕਿੱਥੇ ਵੀ ਜਾਓ ਦੁੱਖ ਹੀ ਦੁੱਖ ਹੈ। ਸੁੱਖਧਾਮ ਵਿੱਚ ਤਾਂ ਦੁੱਖ ਹੋ ਨਾ ਸਕੇ। ਦੁੱਖ ਦਾ ਨਾਮ ਲਿਆ ਤਾਂ ਗੋਇਆ ਤੁਸੀਂ ਦੁੱਖਧਾਮ ਵਿੱਚ ਹੋ। ਸੁੱਖਧਾਮ ਵਿੱਚ ਤਾਂ ਜ਼ਰਾ ਵੀ ਦੁੱਖ ਨਹੀਂ। ਵਕਤ ਵੀ ਬਾਕੀ ਥੋੜ੍ਹਾ ਹੈ, ਇਸ ਵਿੱਚ ਪੂਰਾ ਪੁਰਸ਼ਾਰਥ ਕਰਨਾ ਹੈ ਬਾਪ ਨੂੰ ਯਾਦ ਕਰਨ ਦਾ। ਜਿੰਨਾਂ ਯਾਦ ਕਰਦੇ ਰਹੋਗੇ ਉਨ੍ਹਾਂ ਸਤੋਪ੍ਰਧਾਨ ਬਣਦੇ ਜਾਓਗੇ। ਪੁਰਸ਼ਾਰਥ ਕਰਕੇ ਅਵੱਸਥਾ ਇਵੇਂ ਬਣਾਉਣੀ ਹੈ ਜੋ ਤੁਹਾਨੂੰ ਪਿਛਾੜੀ ਵਿੱਚ ਸਿਵਾਏ ਇੱਕ ਬਾਪ ਦੇ ਕੁੱਝ ਯਾਦ ਨਾ ਆਵੇ। ਇੱਕ ਗੀਤ ਵੀ ਹੈ - ਅੰਤਕਾਲ ਜਿਹੜਾ ਇਸਤ੍ਰੀ ਸਿਮਰੇ…ਇਹ ਅੰਤਕਾਲ ਹੈ ਨਾ। ਪੁਰਾਣੀ ਦੁਨੀਆਂ ਦੁੱਖਧਾਮ ਦਾ ਅੰਤ ਹੈ ਨਾ। ਹੁਣ ਤੁਸੀਂ ਸੁੱਖਧਾਮ ਚੱਲਣ ਦਾ ਪੁਰਸ਼ਾਰਥ ਕਰਦੇ ਹੋ। ਤੁਸੀਂ ਸ਼ੂਦਰ ਤੋਂ ਬ੍ਰਾਹਮਣ ਬਣੇ ਹੋ। ਇਹ ਤਾਂ ਯਾਦ ਰੱਖਣਾ ਚਾਹੀਦਾ ਹੈ ਨਾ। ਸ਼ੂਦਰ ਨੂੰ ਹੈ ਦੁੱਖ, ਅਸੀਂ ਦੁੱਖ ਤੋਂ ਨਿਕਲ਼ ਫੇਰ ਹੁਣ ਚੋਟੀ ਤੇ ਚੜ੍ਹ ਰਹੇ ਹਾਂ ਤੇ ਇੱਕ ਬਾਪ ਨੂੰ ਯਾਦ ਕਰਨਾ ਹੈ। ਮੋਸ੍ਟ ਬਿਲਵੇਡ ਬਾਪ ਹੈ ਨਾ। ਉਹਨਾਂ ਤੋਂ ਮਿੱਠੀ ਚੀਜ਼ ਕਿਹੜੀ ਹੁੰਦੀ ਹੈ? ਆਤਮਾ ਉਸ ਪਰਮਪਿਤਾ ਪਰਮਾਤਮਾ ਨੂੰ ਹੀ ਯਾਦ ਕਰਦੀ ਹੈ ਨਾ। ਸਭ ਆਤਮਾਵਾਂ ਦਾ ਬਾਪ ਹੈ ਨਾ, ਉਹਨਾਂ ਤੋਂ ਮਿੱਠੀ ਇਸ ਦੁਨੀਆਂ ਵਿੱਚ ਕੋਈ ਚੀਜ਼ ਹੋ ਨਾ ਸਕੇ। ਇੰਨੇ ਸਭ ਢੇਰ ਬੱਚੇ ਹਨ, ਕਿੰਨਿਆਂ ਨੂੰ ਯਾਦ ਆਉਂਦੇ ਹੋਣਗੇ? ਸੈਕਿੰਡ ਵਿੱਚ। ਅੱਛਾ, ਸਾਰੇ ਸ੍ਰਿਸ਼ਟੀ ਦਾ ਚੱਕਰ ਕਿਵੇਂ ਫ਼ਿਰਦਾ ਹੈ? ਉਹ ਵੀ ਤੁਸੀਂ ਬੱਚਿਆਂ ਦੀ ਬੁੱਧੀ ਵਿੱਚ ਅਰਥ ਸਹਿਤ ਹੈ। ਜਿਵੇਂ ਕੋਈ ਡਰਾਮਾ ਵੇਖ ਕੇ ਆਉਂਦੇ ਹਨ। ਕੋਈ ਪੁੱਛੇਗਾ ਡਰਾਮਾ ਯਾਦ ਹੈ? ਹਾਂ ਕਹਿਣ ਨਾਲ ਹੀ ਸਾਰਾ ਬੁੱਧੀ ਵਿੱਚ ਆ ਜਾਂਦਾ ਹੈ, ਸ਼ੁਰੂ ਤੋਂ ਲੈਕੇ ਅੰਤ ਤੱਕ। ਬਾਕੀ ਉਹ ਵਰਣਨ ਕਰਕੇ ਸੁਣਾਉਣ ਨਾਲ ਤਾਂ ਸਮਾਂ ਲੱਗੇਗਾ। ਬਾਬਾ ਬੇਹੱਦ ਦਾ ਬਾਬਾ ਹੈ, ਉਸ ਨੂੰ ਯਾਦ ਕਰਨ ਨਾਲ ਹੀ 21 ਜਨਮਾਂ ਦਾ ਸੁੱਖ ਸਾਹਮਣੇ ਆ ਜਾਂਦਾ ਹੈ। ਬਾਪ ਕੋਲੋਂ ਇਹ ਵਰਸਾ ਮਿਲਦਾ ਹੈ। ਸੈਕਿੰਡ ਵਿੱਚ ਬੱਚਿਆਂ ਨੂੰ ਬਾਪ ਦਾ ਵਰਸਾ ਸਾਹਮਣੇ ਆ ਜਾਂਦਾ ਹੈ। ਬੱਚਾ ਪੈਦਾ ਹੋਇਆ, ਬਾਪ ਜਾਣ ਜਾਂਦੇ ਹਨ ਵਾਰਿਸ ਨੇ ਜਨਮ ਲਿਆ। ਸਾਰੀ ਮਲਕੀਅਤ ਯਾਦ ਆ ਜਾਏਗੀ। ਤੁਸੀਂ ਵੀ ਇਕੱਲੇ ਵੱਖ - ਵੱਖ ਬੱਚੇ ਹੋ, ਵੱਖ - ਵੱਖ ਵਰਸਾ ਮਿਲਦਾ ਹੈ ਨਾ। ਵੱਖ - ਵੱਖ ਯਾਦ ਕਰਦੇ ਹੋ। ਅਸੀਂ ਬੇਹੱਦ ਬਾਪ ਦੇ ਵਾਰਿਸ ਹਾਂ। ਸਤਿਯੁਗ ਵਿੱਚ ਤਾਂ ਇੱਕ ਹੀ ਬੱਚਾ ਹੁੰਦਾ ਹੈ। ਉਹ ਸਾਰੀ ਮਲਕੀਅਤ ਦਾ ਵਾਰਿਸ ਹੋਇਆ। ਬੱਚਿਆਂ ਨੂੰ ਬਾਪ ਮਿਲਿਆ ਅਤੇ ਵਿਸ਼ਵ ਦਾ ਮਾਲਿਕ ਬਣਿਆ, ਸੈਕਿੰਡ ਵਿੱਚ। ਦੇਰ ਨਹੀਂ ਲੱਗਦੀ। ਬਾਪ ਕਹਿੰਦੇ ਹਨ ਤੁਸੀਂ ਆਪਣੇ ਨੂੰ ਆਤਮਾ ਸਮਝੋ। ਫੀਮੇਲ ਨਾ ਸਮਝੋ। ਆਤਮਾ ਤਾਂ ਬੱਚਾ ਹੈ ਨਾ। ਬਾਬਾ ਕਹਿੰਦੇ ਹਨ ਮੈਨੂੰ ਸਭ ਬੱਚੇ ਯਾਦ ਆਉਂਦੇ ਹਨ। ਆਤਮਾਵਾਂ ਸਭ ਭਰਾ - ਭਰਾ ਹਨ। ਜਿਹੜੇ ਵੀ ਸਭ ਧਰਮ ਵਾਲੇ ਆਉਂਦੇ ਹਨ, ਉਹ ਕਹਿੰਦੇ ਸਭ ਧਰਮ ਵਾਲੇ ਭਰਾ - ਭਰਾ ਹਨ। ਪਰ ਸਮਝਦੇ ਨਹੀਂ। ਹੁਣ ਤੁਸੀਂ ਸਮਝਦੇ ਹੋ ਕਿ ਅਸੀਂ ਬਾਬਾ ਦੇ ਮੋਸ੍ਟ ਬਿਲਵੇਡ ਬੱਚੇ ਹਾਂ। ਬਾਪ ਕੋਲੋਂ ਬੇਹੱਦ ਦਾ ਵਰਸਾ ਜ਼ਰੂਰ ਮਿਲੇਗਾ। ਕਿਵੇਂ ਲਵਾਂਗੇ? ਉਹ ਵੀ ਤੁਹਾਨੂੰ ਬੱਚਿਆਂ ਨੂੰ ਸੈਕਿੰਡ ਵਿੱਚ ਯਾਦ ਆ ਜਾਂਦਾ ਹੈ। ਅਸੀਂ ਸਤੋਪ੍ਰਧਾਨ ਸੀ ਫੇਰ ਤਮੋਪ੍ਰਧਾਨ ਬਣੇ, ਹੁਣ ਫੇਰ ਸਤੋਪ੍ਰਧਾਨ ਬਣਨਾ ਹੈ। ਤੁਸੀਂ ਜਾਣਦੇ ਹੋ ਬਾਬਾ ਕੋਲੋਂ ਸਾਨੂੰ ਸ੍ਵਰਗ ਦੇ ਸੁੱਖਾ ਦਾ ਵਰਸਾ ਲੈਣਾ ਹੈ।

ਬਾਪ ਕਹਿੰਦੇ ਹਨ ਆਪਣੇ ਨੂੰ ਆਤਮਾ ਸਮਝੋ। ਦੇਹ ਤਾਂ ਵਿਨਾਸ਼ੀ ਹੈ। ਆਤਮਾ ਹੀ ਸ਼ਰੀਰ ਛੱਡ ਚਲੀ ਜਾਂਦੀ ਹੈ। ਫਿਰ ਜਾਕੇ ਦੂਜਾ ਨਵਾਂ ਸ਼ਰੀਰ ਗਰਭ ਵਿੱਚ ਲੈਂਦੀ ਹੈ। ਪੁਤਲਾ ਜਦੋਂ ਤਿਆਰ ਹੁੰਦਾ ਹੈ ਤੱਦ ਆਤਮਾ ਉਸ ਵਿੱਚ ਪ੍ਰਵੇਸ਼ ਕਰਦੀ ਹੈ। ਪਰ ਉਹ ਤਾਂ ਹੈ ਰਾਵਣ ਦੇ ਵਸ਼। ਵਿਕਾਰਾਂ ਦੇ ਵਸ਼ ਜੇਲ੍ਹ ਵਿੱਚ ਜਾਂਦੇ ਹਨ। ਉੱਥੇ ਤਾਂ ਰਾਵਣ ਹੁੰਦਾ ਹੀ ਨਹੀਂ, ਦੁੱਖ ਦੀ ਗੱਲ ਹੀ ਨਹੀਂ। ਜਦੋਂ ਬੁੱਢੇ ਹੁੰਦੇ ਹਨ ਤਾਂ ਪਤਾ ਚਲਦਾ ਹੈ - ਹੁਣ ਇਹ ਸ਼ਰੀਰ ਛੱਡ ਅਸੀਂ ਦੂਜੇ ਸ਼ਰੀਰ ਵਿੱਚ ਜਾਕੇ ਪ੍ਰਵੇਸ਼ ਕਰਾਂਗੇ। ਉੱਥੇ ਤਾਂ ਡਰ ਦੀ ਕੋਈ ਗੱਲ ਨਹੀਂ ਰਹਿੰਦੀ ਹੈ। ਇੱਥੇ ਤਾਂ ਕਿੰਨਾ ਡਰਦੇ ਹਨ। ਉੱਥੇ ਨਿਡਰ ਹੁੰਦੇ ਹਨ। ਬਾਪ ਤੁਸੀਂ ਬੱਚਿਆਂ ਨੂੰ ਅਪਾਰ ਸੁੱਖਾਂ ਵਿੱਚ ਲੈ ਜਾਂਦੇ ਹਨ। ਸਤਿਯੁਗ ਵਿੱਚ ਅਪਾਰ ਸੁੱਖ ਹੈ, ਕਲਯੁਗ ਵਿੱਚ ਅਪਾਰ ਦੁੱਖ ਹੈ ਇਸਲਈ ਇਸ ਨੂੰ ਕਹਿੰਦੇ ਹੀ ਹਨ ਦੁੱਖਧਾਮ। ਬਾਪ ਤਾਂ ਕੋਈ ਤਕਲੀਫ ਨਹੀਂ ਦਿੰਦੇ ਹਨ। ਭਾਵੇਂ ਗ੍ਰਿਹਸਤ ਵਿਵਹਾਰ ਵਿੱਚ ਰਹੋ, ਬੱਚਿਆਂ ਨੂੰ ਸਾਂਭੋ, ਸਿਰਫ ਬਾਪ ਨੂੰ ਯਾਦ ਕਰੋ। ਗੁਰੂ ਗੋਸਾਈ ਸਾਰਿਆਂ ਨੂੰ ਛੱਡੋ। ਮੈਂ ਤਾਂ ਸਭ ਗੁਰੂਆਂ ਤੋਂ ਵੱਡਾ ਹਾਂ ਨਾ। ਇਹ ਸਭ ਮੇਰੀ ਰਚਨਾ ਹੈ। ਸਿਵਾਏ ਮੇਰੇ ਹੋਰ ਕਿਸੇ ਨੂੰ ਪਤਿਤ - ਪਾਵਨ ਨਹੀਂ ਕਹਾਂਗੇ। ਕੀ ਬ੍ਰਹਮਾ, ਵਿਸ਼ਨੂੰ, ਸ਼ੰਕਰ ਨੂੰ ਪਤਿਤ - ਪਾਵਨ ਕਹਾਂਗੇ? ਨਹੀਂ। ਦੇਵਤਾਵਾਂ ਨੂੰ ਵੀ ਨਹੀਂ ਕਹਿ ਸਕਦੇ ਸਿਵਾਏ ਮੇਰੇ। ਹੁਣ ਤੁਸੀਂ ਬੱਚੇ ਗੰਗਾ ਨੂੰ ਪਤਿਤ - ਪਾਵਨੀ ਕਹੋਗੇ? ਇਹ ਪਾਣੀ ਦੀਆਂ ਨਦੀਆਂ ਤਾਂ ਸਦਾ ਵਹਿੰਦੀਆਂ ਹਨ। ਗੰਗਾ, ਬ੍ਰਹਮਪੁੱਤਰਾ ਆਦਿ ਵੀ ਤਾਂ ਚਲੀ ਆਉਂਦੀ ਹੈ। ਇਨ੍ਹਾਂ ਵਿੱਚ ਤਾਂ ਇਸ਼ਨਾਨ ਕਰਦੇ ਹੀ ਰਹਿੰਦੇ ਹਨ। ਬਰਸਾਤ ਪੈਂਦੀ ਤਾਂ ਫਲੱਡ ਆ ਜਾਂਦੀ ਹੈ। ਇਹ ਵੀ ਦੁੱਖ ਹੋਇਆ ਨਾ। ਅਥਾਹ ਦੁੱਖ ਹੈ, ਹੜ ਵਿੱਚ ਵੇਖੋ ਕਿੰਨੇ ਮਨੁੱਖ ਮਰ ਗਏ। ਸਤਿਯੁਗ ਵਿੱਚ ਦੁੱਖ ਦੀ ਗੱਲ ਨਹੀਂ, ਜਾਨਵਰਾਂ ਨੂੰ ਵੀ ਦੁੱਖ ਨਹੀਂ ਹੁੰਦਾ ਹੈ, ਉਨ੍ਹਾਂ ਦੀ ਵੀ ਅਕਾਲੇ ਮ੍ਰਿਤੂ ਨਹੀਂ ਹੁੰਦੀ। ਇਹ ਡਰਾਮਾ ਹੀ ਇਵੇਂ ਬਣਿਆ ਹੋਇਆ ਹੈ। ਭਗਤੀ ਵਿੱਚ ਗਾਉਂਦੇ ਹਨ - ਬਾਬਾ, ਤੁਸੀਂ ਜਦ ਆਓਗੇ ਤਾਂ ਅਸੀਂ ਤੁਹਾਡੇ ਹੀ ਬਣਾਂਗੇ। ਆਉਂਦੇ ਤਾਂ ਹੈ ਨਾ। ਦੁੱਖਧਾਮ ਦੇ ਅੰਤ ਅਤੇ ਸੁੱਖਧਾਮ ਦੇ ਆਦਿ ਵਿੱਚ ਹੀ ਆਉਣਗੇ, ਪਰ ਇਹ ਕਿਸੇ ਨੂੰ ਪਤਾ ਨਹੀਂ। ਸ੍ਰਿਸ਼ਟੀ ਦੀ ਉਮਰ ਕਿੰਨੀ ਹੈ, ਇਹ ਵੀ ਨਹੀਂ ਜਾਣਦੇ। ਬਾਪ ਕਿੰਨਾ ਸਹਿਜ ਦੱਸਦੇ ਹਨ। ਅੱਗੇ ਤੁਸੀਂ ਜਾਣਦੇ ਸੀ ਕੀ ਕਿ ਸ੍ਰਿਸ਼ਟੀ ਚੱਕਰ ਦੀ ਉਮਰ 5 ਹਜ਼ਾਰ ਵਰ੍ਹੇ ਹੈ? ਉਹ ਤਾਂ ਲੱਖਾਂ ਵਰ੍ਹੇ ਕਹਿ ਦਿੰਦੇ ਹਨ। ਹੁਣ ਬਾਪ ਨੇ ਸਮਝਾਇਆ ਹੈ 1250 ਵਰ੍ਹੇ ਦਾ ਹਰ ਯੁਗ ਹੁੰਦਾ ਹੈ। ਸਵਾਸਤਿਕ ਵਿੱਚ ਪੂਰੇ 4 ਭਾਗ ਹੁੰਦੇ ਵਿਖਾਉਂਦੇ ਹਨ। ਜਰਾ ਵੀ ਫਰਕ ਨਹੀਂ ਹੁੰਦਾ। ਵਿਵੇਕ ਵੀ ਕਹਿੰਦਾ ਹੈ ਐਕੁਰੇਟ ਹਿਸਾਬ ਹੋਣਾ ਚਾਹੀਦਾ ਹੈ। ਪੁਰੀ ਵਿੱਚ ਵੀ ਚਾਵਲ ਦਾ ਹਾਂਡਾ ਚੜ੍ਹਾਉਂਦੇ ਹਨ, ਤਾਂ ਪੂਰੇ 4 ਹਿੱਸੇ ਆਪੇ ਹੀ ਹੋ ਜਾਂਦੇ ਹਨ - ਇਵੇਂ ਯੁਕਤੀ ਬਣਾਈ ਹੋਈ ਹੈ। ਉੱਥੇ ਬਹੁਤ ਚਾਵਲ ਖਾਂਦੇ ਹਨ। ਜਗਨਾਥ ਕਹੋ ਜਾਂ ਸ੍ਰੀਨਾਥ ਕਹੋ ਗੱਲ ਇੱਹ ਹੀ ਹੈ। ਦੋਨੋਂ ਹੀ ਕਾਲੇ ਵਿਖਾਉਂਦੇ ਹਨ। ਸ੍ਰੀ ਨਾਥ ਦੇ ਮੰਦਿਰ ਵਿੱਚ ਘੀ ਦੇ ਭੰਡਾਰ ਹੋਣਗੇ। ਸਭ ਘਿਓ ਦੀਆਂ ਤਲੀਆਂ ਹੋਈਆਂ ਚੰਗੀਆਂ - ਚੰਗੀਆਂ ਚੀਜ਼ਾਂ ਮਿਲਦੀਆਂ ਹਨ। ਬਾਹਰ ਵਿੱਚ ਦੁਕਾਨਾਂ ਲੱਗ ਜਾਂਦੀਆਂ ਹਨ। ਕਿੰਨਾ ਭੋਗ ਲਗਦਾ ਹੋਵੇਗਾ। ਸਭ ਯਾਤਰੀ ਜਾਕੇ ਦੁਕਾਨਦਾਰਾਂ ਤੋਂ ਲੈਂਦੇ ਹਨ। ਜਗਨਨਾਥ ਵਿੱਚ ਫਿਰ ਚਾਵਲ ਹੀ ਚਾਵਲ ਹੁੰਦੇ ਹਨ। ਉਹ ਜਗਤ ਨਾਥ, ਉਹ ਸ੍ਰੀਨਾਥ। ਸੁੱਖਧਾਮ ਅਤੇ ਦੁੱਖਧਾਮ ਵਿਖਾਉਂਦੇ ਹਨ। ਸ੍ਰੀਨਾਥ ਦਾ ਸੁੱਖਧਾਮ ਸੀ, ਉਹ ਦੁੱਖਧਾਮ ਦਾ। ਕਾਲੇ ਤਾਂ ਇਸ ਸਮੇਂ ਬਣ ਗਏ ਹਨ - ਕਾਮ ਚਿਤਾ ਤੇ ਚੜ੍ਹ ਕੇ। ਜਗਨਨਾਥ ਨੂੰ ਸਿਰਫ ਚਾਵਲ ਦਾ ਭੋਗ ਲਗਾਉਂਦੇ ਹਨ। ਇਸਨੂੰ ਗਰੀਬ, ਉਸਨੂੰ ਸ਼ਾਹੂਕਾਰ ਵਿਖਾਉਂਦੇ ਹਨ। ਗਿਆਨ ਦਾ ਸਾਗਰ ਇੱਕ ਬਾਪ ਹੀ ਹੈ। ਭਗਤੀ ਨੂੰ ਕਿਹਾ ਜਾਂਦਾ ਅਗਿਆਨ, ਉਨ੍ਹਾਂ ਤੋਂ ਕੁਝ ਮਿਲਦਾ ਨਹੀਂ। ਉਥੇ ਸਿਰਫ਼ ਗੁਰੂ ਲੋਕਾਂ ਦੀ ਆਮਦਨੀ ਬਹੁਤ ਹੁੰਦੀ ਹੈ, ਹੁਸ਼ਿਆਰ ਹੋਵੇਗਾ, ਉਨ੍ਹਾਂ ਤੋਂ ਕੋਈ ਸਿੱਖੇਗਾ ਤਾਂ ਉਹ ਕਹਿਣਗੇ ਇਹ ਸਾਡਾ ਗੁਰੂ ਹੈ। ਉਨ੍ਹਾਂ ਨੇ ਸਾਨੂੰ ਇਹ ਸਿਖਾਇਆ ਹੈ। ਉਹ ਸਭ ਜਿਸਮਾਨੀ ਹਨ, ਜਨਮ ਲੈਣ ਵਾਲੇ।

ਹੁਣ ਤੁਹਾਡੇ ਨਾਲ ਕੌਣ ਹੈ? ਵਚਿੱਤਰ ਬਾਪ। ਉਹ ਕਹਿੰਦੇ ਹਨ ਇਹ ਮੇਰਾ ਸ਼ਰੀਰ ਨਹੀਂ ਹੈ। ਇਹ ਤੁਹਾਡੇ ਇਸ ਦਾਦਾ ਦਾ ਸ਼ਰੀਰ ਹੈ, ਜਿਸ ਨੇ ਪੂਰੇ 84 ਜਨਮ ਲੀਤੇ ਹਨ, ਇਨ੍ਹਾਂ ਦਾ ਬਹੁਤ ਜਨਮਾਂ ਦੇ ਅੰਤ ਵਿੱਚ ਮੈਂ ਇਸ ਵਿੱਚ ਪ੍ਰਵੇਸ਼ ਹੁੰਦਾ ਹਾਂ, ਤੁਹਾਨੂੰ ਸੁੱਖਧਾਮ ਲੈ ਜਾਣ, ਇਸ ਨੂੰ ਗਊਮੁੱਖ ਵੀ ਕਹਿ ਦਿੰਦੇ ਹਨ। ਗਊਮੁੱਖ ਤੇ ਕਿੰਨਾ ਦੂਰ - ਦੂਰ ਤੋਂ ਆਉਂਦੇ ਹਨ। ਇੱਥੇ ਵੀ ਗਊਮੁੱਖ ਹੈ। ਪਹਾੜ ਤੋਂ ਪਾਣੀ ਤਾਂ ਜਰੂਰ ਆਏਗਾ। ਖੂਹ ਵਿੱਚ ਵੀ ਰੋਜ਼ - ਰੋਜ਼ ਪਾਣੀ ਪਹਾੜ ਤੋਂ ਆਉਂਦਾ ਹੈ, ਉਹ ਕਦੀ ਬੰਦ ਨਹੀਂ ਹੁੰਦਾ। ਪਾਣੀ ਆਉਂਦਾ ਹੀ ਰਹਿੰਦਾ ਹੈ। ਕਿੱਥੋਂ ਵੀ ਨਾਲਾ ਨਿਕਲਿਆ ਤਾਂ ਉਨ੍ਹਾਂ ਨੂੰ ਗੰਗਾ ਜਲ ਕਹਿ ਦੇਣਗੇ। ਉੱਥੇ ਜਾਕੇ ਇਸ਼ਨਾਨ ਕਰਦੇ ਹਨ। ਗੰਗਾ ਜਲ ਸਮਝਦੇ ਹਨ ਪਰ ਪਤਿਤ ਤੋਂ ਪਾਵਨ ਇਸ ਪਾਣੀ ਨਾਲ ਥੋੜੀ ਬਣਨਗੇ। ਬਾਪ ਕਹਿੰਦੇ ਹਨ, ਹੇ ਆਤਮਾਓਂ ਮਾਮੇਕਮ ਯਾਦ ਕਰੋ। ਦੇਹ ਸਹਿਤ ਦੇਹ ਦੇ ਸਾਰੇ ਸੰਬੰਧਾਂ ਨੂੰ ਛੱਡ ਆਪਣੇ ਨੂੰ ਆਤਮਾ ਸਮਝਕੇ ਮੈਨੂੰ ਯਾਦ ਕਰੋ ਤਾਂ ਤੁਹਾਡੇ ਜਨਮ - ਜਨਮਾਂਤ੍ਰ ਦੇ ਪਾਪ ਭਸਮ ਹੋ ਜਾਣਗੇ। ਬਾਪ ਤੁਹਾਨੂੰ ਜਨਮ - ਜਨਮਾਂਤ੍ਰ ਦੇ ਪਾਪਾਂ ਤੋਂ ਛੁਡਾਉਂਦੇ ਹਨ। ਇਸ ਸਮੇਂ ਤਾਂ ਦੁਨੀਆਂ ਵਿੱਚ ਸਾਰੇ ਪਾਪ ਕਰਦੇ ਰਹਿੰਦੇ ਹਨ, ਕਰਮਭੋਗ ਹੈ ਨਾ। ਅਗਲੇ ਜਨਮ ਵਿੱਚ ਪਾਪ ਕੀਤਾ ਹੈ, 63 ਜਨਮ ਦਾ ਹਿਸਾਬ - ਕਿਤਾਬ ਹੈ। ਥੋੜੀ - ਥੋੜੀ ਕਲਾ ਘੱਟ ਹੁੰਦੀ ਜਾਂਦੀ ਹੈ। ਜਿਵੇਂ ਚੰਦਰਮਾ ਦੀ ਕਲਾਵਾਂ ਘੱਟ ਹੁੰਦੀਆਂ ਹਨ ਨਾ। ਇਹ ਫਿਰ ਹੈ ਬੇਹੱਦ ਦਾ ਦਿਨ - ਰਾਤ। ਹੁਣ ਸਾਰੀ ਦੁਨੀਆਂ ਤੇ, ਉਸ ਵਿੱਚ ਵੀ ਖਾਸ ਭਾਰਤ ਤੇ ਰਾਹੂ ਦੀ ਦਸ਼ਾ ਬੈਠੀ ਹੋਈ ਹੈ। ਰਾਹੂ ਦਾ ਗ੍ਰਹਿਣ ਲੱਗਿਆ ਹੋਇਆ ਹੈ। ਹੁਣ ਤੁਸੀਂ ਬੱਚੇ ਸ਼ਾਮ ਤੋਂ ਸੁੰਦਰ ਬਣ ਰਹੇ ਹੋ ਇਸਲਈ ਕ੍ਰਿਸ਼ਨ ਨੂੰ ਵੀ ਸ਼ਾਮ - ਸੁੰਦਰ ਕਹਿੰਦੇ ਹਨ। ਸੱਚਮੁਚ ਕਾਲਾ ਬਣਾ ਦਿੰਦੇ ਹਨ। ਕਾਮ ਚਿਤਾ ਤੇ ਚੜ੍ਹੇ ਹਨ ਤਾਂ ਨਿਸ਼ਾਨੀ ਵਿਖਾ ਦਿੱਤੀ ਹੈ। ਪਰੰਤੂ ਮਨੁੱਖਾਂ ਦੀ ਕੁਝ ਬੁੱਧੀ ਚਲਦੀ ਨਹੀਂ। ਇੱਕ ਸਾਂਵਰਾ, ਦੂਸਰਾ ਗੋਰਾ ਕਰ ਦਿੰਦੇ ਹਨ। ਹਾਲੇ ਤੁਸੀਂ ਗੋਰਾ ਬਣਨ ਦਾ ਪੁਰਸ਼ਾਰਥ ਕਰ ਰਹੇ ਹੋ। ਸਤੋਪ੍ਰਧਾਨ ਬਣਨ ਦਾ ਪੁਰਸ਼ਾਰਥ ਕਰਾਂਗੇ ਤੱਦ ਤਾਂ ਬਣਾਂਗੇ ਨਾ, ਇਸ ਵਿੱਚ ਤਕਲੀਫ ਦੀ ਗੱਲ ਨਹੀਂ। ਇਹ ਗਿਆਨ ਹੁਣ ਤੁਸੀਂ ਸੁਣਦੇ ਹੋ ਫਿਰ ਪਰਾਏ ਲੋਪ ਹੋ ਜਾਂਦਾ ਹੈ। ਭਾਵੇਂ ਗੀਤਾ ਪੜ੍ਹ ਕੇ ਸੁਣਾਉਣਗੇ ਪਰ ਇਹ ਗਿਆਨ ਤਾਂ ਸੁਣਾ ਨਾ ਸਕਣ। ਇਹ ਹੋਇਆ ਭਗਤੀ ਮਾਰਗ ਦੇ ਲਈ ਪੁਸਤਕ। ਭਗਤੀ ਮਾਰਗ ਦੇ ਲਈ ਢੇਰ ਸਾਮਗ੍ਰੀ ਹੈ, ਢੇਰ ਸ਼ਾਸਤਰ ਹਨ, ਕੋਈ ਕੀ ਪੜ੍ਹਦੇ, ਕੋਈ ਕੀ ਕਰਦੇ। ਰਾਮ ਦੇ ਮੰਦਿਰ ਵੀ ਜਾਂਦੇ ਹਨ, ਰਾਮ ਨੂੰ ਵੀ ਕਾਲਾ ਕਰ ਦਿੱਤਾ ਹੈ। ਵਿਚਾਰ ਕਰਨਾ ਚਾਹੀਦਾ ਹੈ ਕਿ ਕਾਲਾ

ਕਿਓਂ ਬਣਾਉਂਦੇ ਹਨ? ਕਾਲੀ ਕਲਕੱਤੇ ਵਾਲੀ ਵੀ ਹੈ, ਮਾਂ - ਮਾਂ ਕਹਿ ਹੈਰਾਨ ਹੁੰਦੇ ਹਨ, ਸਾਰਿਆਂ ਤੋਂ ਕਾਲੀ ਉਹ ਹੀ ਹੈ ਅਤੇ ਬਹੁਤ ਭਿਆਨਕ ਵਖਾਉਂਦੇ ਹਨ। ਉਨ੍ਹਾਂ ਨੂੰ ਫਿਰ ਮਾਤਾ ਕਹਿੰਦੇ ਹਨ। ਤੁਹਾਡੇ ਇਹ ਗਿਆਨ ਬਾਣ, ਗਿਆਨ ਕਟਾਰੀ ਆਦਿ ਹੈ। ਉਨ੍ਹਾਂ ਨੇ ਫੇਰ ਹਥਿਆਰ ਦੇ ਦਿੱਤੇ ਹਨ। ਅਸਲ ਵਿੱਚ ਕਾਲੀ ਤੇ ਪਹਿਲੇ ਮਨੁੱਖਾਂ ਦੀ ਬਲੀ ਚੜ੍ਹਾਉਂਦੇ ਸਨ। ਹੁਣ ਸਰਕਾਰ ਨੇ ਬੰਦ ਕਰ ਦਿੱਤਾ ਹੈ। ਅੱਗੇ ਸਿੰਧ ਵਿੱਚ ਦੇਵੀ ਦਾ ਮੰਦਿਰ ਨਹੀਂ ਸੀ। ਜਦ ਬੰਬ ਫਟਿਆ ਤਾਂ ਇੱਕ ਬ੍ਰਾਹਮਣ ਬੋਲਿਆ ਕਾਲੀ ਨੇ ਸਾਨੂੰ ਆਵਾਜ਼ ਦਿੱਤੀ ਹੈ - ਸਾਡਾ ਮੰਦਿਰ ਹੈ ਨਹੀਂ, ਜਲਦੀ ਬਣਾਓ, ਨਹੀਂ ਤਾਂ ਹੋਰ ਵੀ ਬੰਬ ਫਟਣਗੇ। ਬਸ, ਢੇਰ ਪੈਸੇ ਇਕੱਠੇ ਹੋ ਗਏ, ਮੰਦਿਰ ਬਣ ਗਿਆ। ਹੁਣ ਵੇਖੋ ਢੇਰ ਮੰਦਿਰ ਹਨ। ਕਿੰਨੀ ਜਗ੍ਹਾ ਭਟਕਦੇ ਹਨ। ਬਾਪ ਤੁਹਾਨੂੰ ਇਨ੍ਹਾਂ ਸਾਰੀਆਂ ਗੱਲਾਂ ਤੋਂ ਛੁਡਾਉਣ ਦੇ ਲਈ ਸਮਝਾਉਂਦੇ ਹਨ, ਕਿਸੇ ਦੀ ਗਲਾਨੀ ਨਹੀਂ ਕਰਦੇ ਹਨ। ਬਾਪ ਡਰਾਮਾ ਸਮਝਾਉਂਦੇ ਹਨ। ਇਹ ਸ੍ਰਿਸ਼ਟੀ ਚੱਕਰ ਕਿਵੇਂ ਬਣਿਆ ਹੋਇਆ ਹੈ। ਜੋ ਕੁਝ ਤੁਸੀਂ ਵੇਖਿਆ ਉਹ ਫਿਰ ਹੋਵੇਗਾ। ਜੋ ਚੀਜ਼ ਨਹੀਂ ਹੈ ਉਹ ਬਣਦੀ ਹੈ। ਤੁਸੀਂ ਸਮਝ ਗਏ ਹੋ ਸਾਡਾ ਰਾਜ ਸੀ, ਉਹ ਅਸੀਂ ਗੁਆਇਆ ਹੈ। ਹੁਣ ਫਿਰ ਬਾਪ ਕਹਿੰਦੇ ਹਨ - ਬੱਚੇ, ਨਰ ਤੋਂ ਨਾਰਾਇਣ ਬਣਨਾ ਹੈ ਤਾਂ ਪੁਰਸ਼ਾਰਥ ਕਰੋ। ਭਗਤੀ ਮਾਰਗ ਵਿੱਚ ਤੁਸੀਂ ਬਹੁਤ ਕਥਾਵਾਂ ਸੁਣਦੇ ਆਏ ਹੋ। ਅਮਰਕਥਾ ਸੁਣੀ ਫਿਰ ਕੋਈ ਅਮਰ ਬਣੇ? ਕਿਸੇ ਨੂੰ ਗਿਆਨ ਦਾ ਤੀਜਾ ਨੇਤਰ ਮਿਲਿਆ। ਇਹ ਬਾਪ ਬੈਠ ਕੇ ਸਮਝਾਉਂਦੇ ਹਨ। ਇਨ੍ਹਾਂ ਅੱਖਾਂ ਤੋਂ ਕੁਝ ਵੀ ਇਵਿਲ ਨਾ ਵੇਖੋ। ਸਿਵਿਲ ਅੱਖਾਂ ਤੋਂ ਵੇਖੋ, ਕ੍ਰਿਮੀਨਲ ਤੋਂ ਨਹੀਂ। ਇਸ ਪੁਰਾਣੀ ਦੁਨੀਆਂ ਨੂੰ ਨਾ ਵੇਖੋ। ਇਹ ਤਾਂ ਖਤਮ ਹੋ ਜਾਣੀ ਹੈ। ਬਾਪ ਕਹਿੰਦੇ ਹਨ - ਮਿੱਠੇ - ਮਿੱਠੇ ਬੱਚਿਓ, ਅਸੀਂ ਤੁਹਾਨੂੰ ਰਾਜ ਦੇਕੇ ਜਾਂਦੇ ਹਾਂ 21 ਜਨਮ ਦੇ ਲਈ। ਉੱਥੇ ਹੋਰ ਕੋਈ ਦਾ ਰਾਜ ਹੁੰਦਾ ਨਹੀਂ। ਦੁੱਖ ਦਾ ਨਾਮ ਨਹੀਂ, ਤੁਸੀਂ ਬੜੇ ਸੁੱਖੀ ਅਤੇ ਧਨਵਾਨ ਹੁੰਦੇ ਹੋ। ਇੱਥੇ ਤਾਂ ਮਨੁੱਖ ਕਿੰਨਾ ਭੁੱਖਾ ਮਰਦੇ ਰਹਿੰਦੇ ਹਨ। ਉੱਥੇ ਤਾਂ ਸਾਰੇ ਵਿਸ਼ਵ ਵਿੱਚ ਤੁਸੀਂ ਰਾਜ ਕਰਦੇ ਹੋ। ਕਿੰਨੀ ਥੋੜ੍ਹੀ ਜਮੀਨ ਚਾਹੀਦੀ ਹੈ। ਛੋਟਾ ਬਗੀਚਾ ਫਿਰ ਵੱਧਦੇ - ਵੱਧਦੇ ਕਲਯੁਗ ਅੰਤ ਤੱਕ ਕਿੰਨਾ ਵੱਡਾ ਹੋ ਜਾਂਦਾ ਹੈ ਅਤੇ 5 ਵਿਕਾਰਾਂ ਦੀ ਪ੍ਰਵੇਸ਼ਤਾ ਦੇ ਕਾਰਨ ਉਹ ਕੰਢਿਆਂ ਦਾ ਜੰਗਲ ਬਣ ਜਾਂਦਾ ਹੈ। ਬਾਪ ਕਹਿੰਦੇ ਹਨ ਕਾਮ ਮਹਾਸ਼ਤ੍ਰੂ ਹੈ ਇਨ੍ਹਾਂ ਵਿੱਚ ਤੁਸੀਂ ਆਦਿ, ਮੱਧ, ਅੰਤ ਦੁੱਖ ਪਾਉਂਦੇ ਹੋ। ਗਿਆਨ ਅਤੇ ਭਗਤੀ ਨੂੰ ਵੀ ਹੁਣ ਤੁਸੀਂ ਸਮਝੇ ਹੋ। ਵਿਨਾਸ਼ ਸਾਹਮਣੇ ਖੜ੍ਹਾ ਹੈ, ਇਸਲਈ ਹੁਣ ਜਲਦੀ - ਜਲਦੀ ਪੁਰਸ਼ਾਰਥ ਕਰਨਾ ਹੈ। ਨਹੀਂ ਤਾਂ ਪਾਪ ਭਸਮ ਨਹੀਂ ਹੋਣਗੇ। ਬਾਪ ਦੀ ਯਾਦ ਨਾਲ ਹੀ ਪਾਪ ਕੱਟ ਜਾਣਗੇ। ਪਤਿਤ - ਪਾਵਨ ਇੱਕ ਬਾਪ ਹੀ ਹੈ। ਕਲਪ ਪਹਿਲੇ ਜਿਨ੍ਹਾਂਨੇ ਪੁਰਸ਼ਾਰਥ ਕੀਤਾ ਹੈ ਉਹ ਕਰਕੇ ਹੀ ਵਿਖਾਉਣਗੇ। ਠੰਡੇ ਨਾ ਬਣੋ। ਸਿਵਾਏ ਇੱਕ ਬਾਪ ਦੇ ਹੋਰ ਕੋਈ ਨੂੰ ਯਾਦ ਨਾ ਕਰੋ। ਸਭ ਦੁੱਖ ਦੇਣ ਵਾਲੇ ਹਨ। ਜੋ ਸਦਾ ਸੁੱਖ ਦੇਣੇ ਵਾਲੇ ਹਨ, ਉਨ੍ਹਾਂ ਨੂੰ ਯਾਦ ਰੱਖੋ, ਇਸ ਵਿੱਚ ਗ਼ਫ਼ਲਤ ਨਹੀਂ ਕਰਨੀ ਹੈ। ਯਾਦ ਨਹੀਂ ਕਰਣਗੇ ਤਾਂ ਪਾਵਨ ਕਿਵੇਂ ਬਣਨਗੇ? ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ - ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਇਨ੍ਹਾਂ ਅੱਖਾਂ ਨਾਲ ਇਵਿਲ (ਬੁਰਾ) ਨਹੀਂ ਵੇਖਣਾ ਹੈ। ਬਾਪ ਨੇ ਜਿਹੜਾ ਗਿਆਨ ਦਾ ਤੀਸਰਾ ਨੇਤ੍ਰ ਦਿੱਤਾ ਹੈ, ਉਸ ਸਿਵਿਲ ਨੇਤ੍ਰ ਨਾਲ ਹੀ ਵੇਖਣਾ ਹੈ। ਸਤੋਪ੍ਰਧਾਨ ਬਣਨ ਦਾ ਪੂਰਾ ਪੁਰਸ਼ਾਰਥ ਕਰਨਾ ਹੈ।

2. ਗ੍ਰਹਿਸਤ ਵਿਵਹਾਰ ਨੂੰ ਸੰਭਾਲਦੇ ਹੋਏ ਪਿਆਰੀ ਚੀਜ਼ ਬਾਪ ਨੂੰ ਯਾਦ ਕਰਨਾ ਹੈ। ਅਵਸਥਾ ਅਜਿਹੀ ਬਣਾਉਣੀ ਹੈ ਜੋ ਅੰਤਕਾਲ ਵਿੱਚ ਇੱਕ ਬਾਪ ਦੇ ਸਿਵਾਏ ਦੂਜਾ ਕੋਈ ਵੀ ਯਾਦ ਨਾ ਆਵੇ।

ਵਰਦਾਨ:- ਆਪਣੀ ਸ਼੍ਰੇਸ਼ਠ ਵ੍ਰਿਤੀ ਦਵਾਰਾ ਵਿਸ਼ਵ ਦਾ ਵਾਤਾਵਰਨ ਪਰਿਵਰਤਨ ਕਰਨ ਵਾਲੇ ਆਧਾਰਮੂਰਤ ਭਵ

ਤੁਸੀਂ ਬੱਚੇ ਸਿਰਫ਼ ਆਪਣੇ ਜੀਵਨ ਦੇ ਲਈ ਆਧਾਰ ਨਹੀਂ ਹੋ ਪਰ ਵਿਸ਼ਵ ਦੀ ਸਰਵ ਆਤਮਾਵਾਂ ਦੇ ਆਧਾਰਮੂਰਤ ਹੋ। ਤੁਹਾਡੀ ਸ਼੍ਰੇਸ਼ਠ ਵ੍ਰਿਤੀ ਨਾਲ ਵਿਸ਼ਵ ਦਾ ਵਾਤਾਵਰਨ ਪਰਿਵਰਤਨ ਹੋ ਰਿਹਾ ਹੈ। ਤੁਹਾਡੀ ਪਵਿੱਤਰ ਦ੍ਰਿਸ਼ਟੀ ਨਾਲ ਵਿਸ਼ਵ ਦੀਆਂ ਆਤਮਾਵਾਂ ਅਤੇ ਪ੍ਰਕ੍ਰਿਤੀ ਦੋਵੇਂ ਪਵਿੱਤਰ ਬਣ ਰਹੀ ਹੈ। ਦ੍ਰਿਸ਼ਟੀ ਨਾਲ ਸ੍ਰਿਸ਼ਟੀ ਬਦਲ ਰਹੀ ਹੈ। ਤੁਹਾਡੇ ਸ਼੍ਰੇਸ਼ਠ ਕਰਮਾਂ ਨਾਲ ਸ਼੍ਰੇਸ਼ਠਾਚਾਰੀ ਦੁਨੀਆਂ ਬਣ ਰਹੀ ਹੈ। ਹੁਣ ਜਦੋਂ ਤੁਸੀਂ ਇੰਨੀ ਵੱਡੀ ਜਿੰਮੇਵਾਰੀ ਦੇ ਤਾਜ਼ਧਾਰੀ ਬਣਦੇ ਹੋ ਉਦੋਂ ਭਵਿੱਖ ਵਿੱਚ ਤਾਜ ਤਖ਼ਤ ਮਿਲਦਾ ਹੈ।

ਸਲੋਗਨ:- ਸਰਵਸ਼ਕਤੀਮਾਨ ਬਾਪ ਨੂੰ ਆਪਣਾ ਸਾਥੀ ਬਣਾ ਲਵੋ ਤਾਂ ਕੋਈ ਵੀ ਵਿਘਣ ਤੁਹਾਨੂੰ ਰੋਕ ਨਹੀਂ ਸਕਦਾ।

******